ਭੂਮੀ ਅਤੇ ਜਲ ਸੰਭਾਲ ਵਿਭਾਗ
ਦਫਤਰ ਮੁੱਖ ਭੂਮੀ ਪਾਲ, ਪੰਜਾਬ
(ਵਿਕਾਸ ਸ਼ਾਖਾ)

**ਵਿਸ਼ਾ:- ਤਰਕਸੰਗਤ ਨੀਤੀ 2018-19 ਅਤੇ ਸਬੰਧਤ ਮੁੱਦੇ।**

ਰਾਜ ਦੇ ਲਗਭਗ 70 ਪ੍ਰਤੀਸ਼ਤ ਰਕਬੇ ਵਿਚ ਜਮੀਨਦੋਜ ਪਾਣੀ ਦੀ ਸਤਹਿ ਖਤਰਨਾਕ ਢੰਗ ਨਾਲ ਥੱਲੇ ਜਾ ਰਹੀ ਹੈ ਅਤੇ ਕੁੱਲ 141 ਬਲਾਕਾਂ ਵਿਚੋ 110 ਬਲਾਕ, ਭਰਪਾਈ ਤੋ ਵੱਧ ਪਾਣੀ ਜਮੀਨ ਵਿਚੋ ਕੱਢਣ ਕਾਰਣ, ਪਹਿਲਾਂ ਹੀ ਵਧੇਰੇ ਸੋਸ਼ਿਤ/ ਡਾਰਕ ਬਲਾਕ ਘੋਸ਼ਿਤ ਕੀਤੇ ਜਾ ਚੁਕੇ ਹਨ। ਦੱਖਣ-ਪੱਛਮੀ ਜਿਲ੍ਹੇ ਲੂਣੇਪਣ ਅਤੇ ਸੇਮ ਦੀ ਸਮੱਸਿਆ ਨਾਲ ਜੂਝ ਰਹੇ ਹਨ। ਰਾਜ ਦਾ 13 ਲੱਖ ਹੈਕਟੇਅਰ ਰਕਬਾ ਭੌ ਖੋਰ ਅਤੇ ਹੋਰ ਕਾਰਨਾਂ ਕਰਕੇ ਗਿਰਾਵਟ ਦਾ ਸ਼ਿਕਾਰ ਹੈ। ਇਸ ਲਈ ਵਿਭਾਗ ਦੇ ਜਿਆਦਾਤਰ ਪ੍ਰੋਗਰਾਮਾਂ ਦਾ ਉਦੇਸ਼ ਭੂਮੀ ਅਤੇ ਜਲ ਦੀ ਸੁਚੱਜੀ ਵਰਤੋ ਅਤੇ ਅਸਰਦਾਰ ਪ੍ਰਬੰਧ ਦੀਆਂ ਗਤੀਵਿਧੀਆਂ ਰਾਹੀ ਇਨ੍ਹਾਂ ਸਮੱਸਿਆਵਾਂ ਦੇ ਅਸਰ ਨੂੰ ਘਟਾਉਣਾ ਹੈ। ਜਲ ਪ੍ਰਬੰਧ ਕਾਰਜ਼, ਜੋ ਪਾਣੀ ਰਿਸਣ ਨਾਲ ਹੋਣ ਵਾਲੇ ਨੁਕਸਾਨ ਨੂੰ ਰੋਕਦੇ ਹਨ, ਦੁਆਰਾ ਵਧੇਰੇ ਸਿੰਚਾਈ ਸਹੂਲਤਾਂ ਕਾਇਮ ਕਰਕੇ ਹੋਰ ਖੇਤਰ ਸਿੰਚਾਈ ਅਧੀਨ ਲਿਆਂਦਾ ਜਾ ਸਕਦਾ ਹੈ। ਦੱਖਣੀ ਅਤੇ ਕੇਦਰੀ ਜਿਲ੍ਹਿਆਂ ਵਿੱਚ ਸਿੰਚਾਈ ਲਈ ਖੇਤਾ ਵਿੱਚ ਜਮੀਨ ਦੋਜ਼ ਪਾਈਪ ਲਾਈਨ ਲਾਉਣ ਲਈ ਸਹਾਇਤਾ ਪ੍ਰਦਾਨ ਕਰਕੇ ਉਤਸਾਹਿਤ ਕੀਤਾ ਜਾ ਰਿਹਾ ਹੈ। ਪਾਣੀ ਦੀ ਸੁਚੱਜੀ ਵਰਤੋ ਲਈ ਮਾਇਕਰੋ ਸਿੰਚਾਈ (ਡਰਿੱਪ/ਸਪਰਿੰਕਲਰ) ਨੂੰ ਸਾਰੇ ਜਿਲਿਆਂ ਵਿੱਚ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਜਮੀਨ ਦੋਜ ਪਾਣੀ ਦੀ ਕੁਦਰਤੀ ਭਰਪਾਈ, ਵਾਧੂ ਸਿੰਚਾਈ ਪ੍ਰਦਾਨ ਕਰਨ ਅਤੇ ਖੋਰ ਕੰਟਰੋਲ ਕੰਮਾ ਲਈ ਕੰਢੀ ਏਰੀਏ ਵਿੱਚ ਰੇਨ ਵਾਟਰ ਹਾਰਵੈਸਟਿੰਗ ਸਟ੍ਰੱਕਚਰ, ਮੱਕੋਵਾਲ ਟਾਈਪ ਸਟ੍ਰੱਕਚਰ ਅਤੇ ਛੋਟੇ ਲਿਫਟ ਸਿੰਚਾਈ ਪ੍ਰੋਜੈਕਟ ਬਣਾਏ ਜਾਂਦੇ ਹਨ।

ਭੂਮੀ ਸੁਧਾਰ ਅਤੇ ਜਲ ਪ੍ਰਬਧ ਦੀਆਂ ਵੱਖ ਵੱਖ ਸਕੀਮਾਂ ਅਧੀਨ ਵਿਭਾਗ ਦੁਆਰਾ ਹੇਠ ਲਿਖੀਆਂ ਕਿਸਮਾ ਦੇ ਕੰਮ ਕੀਤੇ ਜਾਂਦੇ ਹਨ:-

1) ਟਿਊਬਵੈਲਾਂ/ਨਹਿਰੀ ਮੋਘਿਆਂ: ਤੋਂ ਸਿੰਚਾਈ ਲਈ ਜਮੀਨ ਦੋਜ਼ ਪਾਈਪ ਲਾਈਨ ਵਿਛਾਉਣਾ।
2) ਸਪਰਿੰਕਲਰ/ਡਰਿੱਪ ਇਰੀਗੇਸ਼ਨ ਪ੍ਰਣਾਲੀ ਨੂੰ ਉਤਸਾਹਿਤ ਕਰਨਾ।
3) ਗਲੀ ਰੈਕਲਾਮੇਸ਼ਨ ਅਤੇ ਵਾਟਰਸ਼ੈਡ ਦੇ ਆਧਾਰ ਤੇ ਭੌ ਖੋਰ ਕੰਟਰੋਲ ਕੰਮ।
4) ਡੈਮਾ ਰਾਹੀ ਰੇਨਵਾਟਰ ਹਾਰਵੈਸਟਿੰਗ/ਗਰਾਊਡ ਵਾਟਰ ਰੀਚਾਰਜਿੰਗ।
5) ਲਿਫਟ ਇਰੀਗੇਸ਼ਨ/ਪ੍ਰੀਨੀਅਲ ਫਲੋਅ ਪ੍ਰੋਜੈਕਟ
6) ਇਕੋਲੋਜੀਕਲੀ ਹੈਡੀਕੈਪਡ ਅਤੇ ਗਿਰਾਵਟ ਵਾਲੀ ਭੌ ਦਾ ਸੁਧਾਰ ਕਰਨਾਂ।
7) ਟਰੀਟ ਕੀਤੇ ਸ਼ਹਿਰੀ ਗੰਦੇ ਪਾਣੀ ਦੀ ਸਿੰਚਾਈ ਲਈ ਵਰਤੋ।
8) ਵਿਭਾਗੀ ਮਸ਼ੀਨਰੀ ਰਾਂਹੀ ਕਿਸਾਨਾਂ ਅਤੇ ਵਿਭਾਗ ਦੇ ਕੰਮਾਂ ਵਿੱਚ ਯੋਗਦਾਨ ਪਾਉਣਾ
9) ਭੂਮੀ ਸਰਵੇਖਣ।

**ਤਰਕਸੰਗਤ ਨੀਤੀ ਦੀਆਂ ਪ੍ਰਮੁੱਖ ਵਿਸੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:-**

1. ਭੂਮੀ ਅਤੇ ਜਲ ਸੰਭਾਲ ਵਿਭਾਗ ਵਿੱਚ ਭੂਮੀ ਪਾਲ ਦੀਆਂ 05 ਆਸਾਮੀਆਂ ਮੰਨਜੂਰਸੁਦਾ ਹਨ। ਇਸ ਸਮੇ 05 ਆਸਾਮੀਆਂ ਖਾਲੀ ਹਨ। ਪ੍ਰਸਤਾਵ ਹੈ ਕਿ ਭੂਮੀ ਪਾਲ ਦੀ ਆਸਾਮੀ ਤੇ ਕਿਸੇ ਅਧਿਕਾਰੀ ਦੀ 2 ਸਾਲ ਤੋ ਵੱਧ ਸਟੇਅ ਨਹੀ ਹੋਣੀ ਚਾਹੀਦੀ।

2. ਮੰਡਲ ਭੂਮੀ ਰੱਖਿਆ ਅਫਸਰ ਦੀਆਂ 18 ਆਸਾਮੀਆਂ ਮੰਨਜੂਰਸੁਦਾ ਹਨ, ਜਿਨ੍ਹਾਂ ਵਿਚੋ 08 ਆਸਾਮੀਆਂ ਖਾਲੀ ਹਨ। ਪ੍ਰਸਤਾਵ ਹੈ ਕਿ ਕਿਸੇ ਅਧਿਕਾਰੀ ਦੀ ਆਪਣੇ ਘਰੈਲੂ ਜਿਲ੍ਹੇ ਵਿੱਚ ਤੈਨਾਤੀ ਨਾ ਹੋਵੇ ਅਤੇ ਇੱਕ ਜਿਲ੍ਹੇ ਵਿੱਚ 03 ਸਾਲ ਤੋ ਵੱਧ ਸਟੇਅ ਹੋਣ ਤੇ ਬਦਲਣਾ ਯਕੀਨੀ ਬਣਾਇਆ ਜਾਵੇ।

3. ਉਪ-ਮੰਡਲ ਭੂਮੀ ਰੱਖਿਆ ਅਫਸਰਾਂ ਨੂੰ ਉਨ੍ਹਾਂ ਦੇ ਘਰੇਲੂ ਜਿਲ੍ਹੇ ਵਿੱਚ ਤੈਨਾਤ ਨਾ ਕੀਤਾ ਜਾਵੇ ਅਤੇ ਇੱਕ ਸਟੇਸ਼ਨ ਤੇ ਵੱਧ ਤੋ ਵੱਧ ਸਟੇਅ 03 ਸਾਲ ਤੋ ਵੱਧ ਨਾ ਹੋਵੇ।

4. ਹਰਕੇ ਭੂਮੀ ਰੱਖਿਆ ਅਫਸਰ ਨੂੰ ਹਰ ਸਾਲ ਇੱਕ-ਇੱਕ ਟ੍ਰੇਨਿੰਗ ਪ੍ਰੋਗਰਾਮ ਤੇ ਜ਼ਰੂਰ ਭੇਜਿਆ ਜਾਵੇ ਤਾਂ ਜੋ ਉਹ ਕੰਮ ਪ੍ਰਤੀ ਮੁਹਾਰਤ ਪ੍ਰਾਪਤ ਕਰ ਸਕਣ ਅਤੇ ਇਸ ਦਾ ਲਾਭ ਕਿਸਾਨਾਂ ਨੂੰ ਮਿਲ ਸਕੇ।

5 ਸਾਰੀਆਂ ਆਸਾਮੀਆਂ ਨੂੰ ਨਿਰਧਾਰਿਤ ਕੀਤਾ ਜਾਵੇ ਅਤੇ ਵੈਬਸਾਇਟ ਤੇ ਪਾ ਦਿੱਤਾ ਜਾਵੇ।

6. ਨਵੀ ਤੈਨਾਤੀ ਕਰਦੇ ਸਮੇ ਇਹ ਯਕੀਨੀ ਹੋਵੇ ਕਿ ਨਵੇ ਭੂਮੀ ਰੱਖਿਆ ਅਫਸਰਾਂ ਨੂੰ ਆਪਣੇ ਘਰੇਲੂ ਜਿਲ੍ਹੇ ਵਿੱਚ ਨਾ ਲਗਾਇਆ ਜਾਵੇ।

7. ਜੇਕਰ ਪਤੀ ਪਤਨੀ ਇੱਕ ਸਟੇਸ਼ਨ ਤੇ ਪੰਜ ਸਾਲ ਤੋ ਲਗਾਤਾਰ ਰਹਿਣ, ਉਨ੍ਹਾਂ ਨੂੰ ਨੇੜੇ ਦੇ ਸਟੇਸ਼ਨ ਤੇ ਤੈਨਾਤ ਕੀਤਾ ਜਾਵੇ।

8. ਲੜਕੀਆ ਅਤੇ ਵਿਧਵਾਵਾਂ ਨੂੰ ਸੁਵਿਧਾਜਨਕ ਥਾਂਵਾਂ ਤੇ ਅਡਜਸੱਟ ਕੀਤਾ ਜਾਵੇ।

9. ਗਰੁੱਪ-ਏ ਅਤੇ ਬੀ ਦੇ ਅਧਿਕਾਰੀਆਂ ਨੂੰ ਇੱਕੋ ਜਿਲ੍ਹੇ ਵਿੱਚ ਸਮੁੱਚੀ ਸੇਵਾ ਦੌਰਾਨ 07 ਸਾਲ ਦੀ ਸੇਵਾ ਹੋਣ ਤੇ ਉਸੇ ਜਿਲ੍ਹੇ ਵਿੱਚ ਤੈਨਾਤ ਨਾ ਕੀਤਾ ਜਾਵੇ।

10. ਮੁੱਖ ਦਫਤਰ/ਸਰਕਲਾਂ/ਮੰਡਲਾਂ ਵਿੱਚ ਜੋ ਕਲੈਰੀਕਲ ਅਮਲਾ ਹੈ, ਉਹਨਾਂ ਨੂੰ ਇੱਕੋ ਸੀਟਾਂ ਤੇ ਤਿੰਨ ਸਾਲ ਤੋ ਵੱਧ ਨਾਂ ਰੱਖਿਆ ਜਾਵੇ।

11. ਖੇਤੀਬਾੜੀ ਉਪ-ਨਿਰੀਖਕਾ ਅਤੇ ਸਰਵੇਅਰਾਂ ਦੀ ਸਬ ਡਵੀਜਨ ਵਿਚ ਕੰਮ ਦੀ ਪ੍ਰੋਗਰੈਸ ਨੂੰ ਮੁੱਖ ਰੱਖਦੇ ਹੋਏ ਸਬ ਡਵੀਜਨ ਦੇ ਕਿਸੇ ਵੀ ਸੈਕਸ਼ਨ ਵਿੱਚ ਮੰਡਲ ਭੂਮੀ ਰੱਖਿਆ ਅਫਸਰ ਵਲੋ ਆਪਣੀ ਪੱਧਰ ਤੇ ਅਡਜਸਟਮੈਟ ਕੀਤੀ ਜਾਵੇ।